# 39

# ਨਿਸ਼ਾਨ ਦੀ ਲੋਕਾਂ ਦੀ ਮੰਗ

## (16:1–4)

ਯਿਸੂ ਨਾਲ ਲੋਕਾਂ ਦੀਆਂ ਜਮਾਤਾਂ ਦੀਆਂ ਵੱਖੋ ਵੱਖ ਪ੍ਰਤੀਕਿਰਿਆਵਾਂ ਦਾ ਵਿਸ਼ਾ ਅਧਿਆਇ 16 ਤਕ ਚਲਿਆ ਜਾਂਦਾ ਹੈ। ਸ਼ੁਰੂਆਤੀ ਆਇਤਾਂ ਵਿਚ ਫ਼ਰੀਸੀਆਂ ਅਤੇ ਸਦੂਕੀਆਂ ਨੇ ਉਸ ਨੂੰ ਮਸੀਹਾ ਦੇ ਰੂਪ ਵਿਚ ਕਬੂਲਣ ਤੋਂ ਇਨਕਾਰ ਕਰ ਦਿੱਤਾ ਸੀ ਅਤੇ ਉਸ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਸੀ (16:1–4)। ਇਸ ਘਟਨਾ ਦੇ ਬਾਅਦ ਯਿਸੂ ਨੇ ਉਨ੍ਹਾਂ ਯਹੂਦੀ ਆਗੂਆਂ ਦੇ ਅਵਿਸ਼ਵਾਸ ਦੇ ਖਿਲਾਫ਼ ਆਪਣੇ ਚੇਲਿਆਂ ਨੂੰ ਚਿਤਾਵਨੀ ਦਿੱਤੀ (16:5–12)। ਫਿਰ ਉਸ ਨੇ ਆਪਣੇ ਚੇਲਿਆਂ ਅੱਗੇ ਆਪਣੀ ਪਛਾਣ ਦਾ ਸਵਾਲ ਰੱਖਿਆ ਜਿਸ ਦੇ ਨਤੀਜੇ ਵਜੋਂ ਪਤਰਸ ਨੇ ''ਜੀਉਂਦੇ ਪਰਮੇਸ਼ੁਰ ਦਾ ਪੁੱਤਰ ਮਸੀਹ'' ਦੇ ਰੂਪ ਵਿਚ ਯਿਸੂ ਦਾ ਇਕਰਾਰ ਕੀਤਾ (16:13–20)।

ਇਸ ਇਕਰਾਰ ਦੇ ਬਾਅਦ ਯਿਸੂ ਨੇ ਆਪਣੀ ਮੌਤ, ਦਫ਼ਨਾਏ ਜਾਣ ਅਤੇ ਜੀ ਉੱਠਣ ਦੀ ਨਬੂਵਤ ਕੀਤੀ। ਇਸ ਖ਼ਬਰ ਨੂੰ ਮੰਨਣ ਨੂੰ ਨਾ ਤਿਆਰ ਪਤਰਸ ਉਸ ਨੂੰ ਇਕ ਪਾਸੇ ਲਿਜਾ ਕੇ ਝਿੜਕਣ ਲੱਗਾ। ਜ਼ਾਹਿਰ ਹੈ ਕਿ ਉਸ ਨੇ ਇਸ ਹਕੀਕਤ ਨੂੰ ਸਮਝਿਆ ਨਹੀਂ ਸੀ ਕਿ ਮਸੀਹ ਦਾ ਦੁੱਖ ਝਲਣਾ ਜ਼ਰੂਰੀ ਸੀ (16:21–23)। ਇਸੇ ਮੌਕੇ ਦੀ ਵਰਤੋਂ ਕਰਦੇ ਹੋਏ ਯਿਸੂ ਨੇ ਆਪਣੇ ਚੇਲਿਆਂ ਨੂੰ ਸ਼ਗਿਰਦੀ ਦੀ ਪੂਰੀ ਸਮਝ ਲਈ ਸੱਦਿਆ ਜਿਸ ਵਿਚ ਆਪਣੇ ਪ੍ਰਭੂ ਵਾਂਗ ਦੁੱਖ ਝੱਲਣਾ ਵੀ ਆਉਂਦਾ ਹੈ (16:24–27)। ਇਸ ਗੱਲਬਾਤ ਵਿਚ ਆਪਣੇ ਆਖ਼ਰੀ ਸ਼ਬਦਾਂ ਵਿਚ ਪ੍ਰਭੂ ਨੇ ਉਨ੍ਹਾਂ ਨੂੰ ਯਕੀਨ ਦੁਆਇਆ ਕਿ ਰਾਜ ਅਸਲ ਵਿਚ ਉਨ੍ਹਾਂ ਦੇ ਜੀਉਂਦੇ ਜੀ ਹੀ ਆ ਜਾਣਾ ਸੀ (16:28)।

### ਸਵਾਲ (16:1)

**1ਫ਼ਰੀਸੀਆਂ ਅਤੇ ਸਦੂਕੀਆਂ ਨੇ ਕੋਲ ਆਣ ਕੇ ਪਰਤਾਉਣ ਲਈ ਉਸ ਅੱਗੇ ਅਰਦਾਸ ਕੀਤੀ ਜੋ ਸਾਨੂੰ ਅਕਾਸ਼ ਵੱਲੋਂ ਕੋਈ ਨਿਸ਼ਾਨ ਵਿਖਾ ਦਿਹ।**

ਮੱਤੀ 16:1–4 ਇਸ ਗੱਲ ਤੇ ਜ਼ੋਰ ਦਿੰਦਾ ਹੈ ਕਿ ਯਹੂਦੀਆਂ ਦੇ ਜ਼ਿਆਦਾਤਰ ਧਾਰਮਿਕ ਆਗੂਆਂ ਨੇ ਮਸੀਹਾ ਦੇ ਰੂਪ ਵਿਚ ਯਿਸੂ ਨੂੰ ਨਕਾਰ ਦਿੱਤਾ ਸੀ। ਇਹ ਦ੍ਰਿਸ਼ 12:38–42 ਨਾਲ ਮਿਲਦਾ–ਜੁਲਦਾ ਹੈ ਜਦ ਪਹਿਲੇ ਆਗੂਆਂ ਦੀ ਟੋਲੀ ਉਹ ਦੇ ਕੋਲ ਆਣ ਕੇ ਨਿਸ਼ਾਨ ਦੀ ਮੰਗ ਕਰਨ ਲੱਗੀ ਸੀ। ਦੋਹਾਂ ਮੌਕਿਆਂ ਤੇ ਉਸ ਦਾ ਜਵਾਬ ਉਹੀ ਸੀ ਕਿ ਉਨ੍ਹਾਂ ਨੂੰ ਯੂਨਾਹ ਨਬੀ ਦੇ ਨਿਸ਼ਾਨ ਨੂੰ ਛੱਡ ਹੋਰ ਕੋਈ ਨਿਸ਼ਾਨ ਨਹੀਂ ਦਿੱਤਾ ਜਾਣਾ ਸੀ।

**ਆਇਤ** 1. ਆਪਣੀ ਨਿੱਜੀ ਸੇਵਕਾਈ ਦੇ ਆਰੰਭ ਤੋਂ ਯਹੂਦੀ ਧਾਰਮਿਕ ਆਗੂਆਂ ਦੇ ਸਭ ਤੋਂ ਜ਼ਬਾਨੀ ਅਤੇ ਪੱਕੇ ਵਿਰੋਧ ਨਾਲ ਯਿਸੂ ਦਾ ਸਾਹਮਣਾ **ਫ਼ਰੀਸੀਆਂ** ਦੀ ਇਕ ਜਮਾਤ ਨਾਲ ਹੋਇਆ। ਨਾਂਅ ਫ਼ਰੀਸੀਆਂ ਤੋਂ ਭਾਵ ਹੈ ''ਅੱਡ ਕੀਤੇ ਹੋਏ।'' ਇਹ ਉਨ੍ਹਾਂ ਨੂੰ ਫੱਬਦਾ ਵੀ ਸੀ ਕਿਉਂ ਜੋ ਉਨ੍ਹਾਂ ਨੇ ਆਪਣੇ ਆਪ ਨੂੰ ਹੋਰ ਸਭ ਯਹੂਦੀਆਂ ਨਾਲੋਂ ਅੱਡ ਕੀਤਾ ਹੋਇਆ ਸੀ। ਉਹ ਆਪਣੇ ਸਮੇਂ ਦੇ ਧਾਰਮਿਕ ਖ਼ਾਸ ਲੋਕ ਭਾਵ ਬੇਹੱਦ ਰੂੜੀਵਾਦੀ ਅਤੇ ਰਵਾਇਤ ਨੂੰ ਮੰਨਣ ਵਾਲੇ ਲੋਕ ਸਨ (3:7 ਤੇ

ਟਿੱਪਣੀਆਂ ਵੇਖੋ)।

**ਸਦੂਕੀਆਂ** ਦਾ ਆਖ਼ਰੀ ਵਾਰ ਜ਼ਿਕਰ 3:7 ਵਿਚ ਮਿਲਦਾ ਹੈ। ਸਦੂਕੀਆਂ ਬਾਰੇ ਜਿੰਨਾ ਨਵੇਂ ਨੇਮ ਵਿਚ ਦੱਸਿਆ ਗਿਆ ਹੈ ਉਸ ਤੋਂ ਵੱਧ ਪਤਾ ਨਹੀਂ ਹੈ। ਉਹ ਵੀ ਯਹੂਦੀ ਧਾਰਮਿਕ ਆਗੂਆਂ ਵਿੱਚੋਂ ਸਨ। ਉਹ ਕੁਲੀਨ ਲੋਕ ਸਨ ਜਿਹੜੇ ਆਪਣੇ ਵਿੱਚੋਂ ਹੀ ਮਹਾਯਾਜਕ ਅਤੇ ਕਈ ਪ੍ਰਧਾਨ ਯਾਜਕਾਂ ਵਿੱਚੋਂ ਹੋਣ ਕਰਕੇ ਸ਼ੇਖ਼ੀ ਮਾਰਦੇ ਸਨ, ਭਾਵੇ ਗ੍ਰੰਥੀ ਅਤੇ ਯਾਜਕ ਇਨ੍ਹਾਂ ਦੋਹਾਂ ਜਮਾਤਾਂ ਵਿਚ ਪਾਏ ਜਾਂਦੇ ਸਨ। ਸਦੂਕੀ ਲੋਕ ਰੱਬੀਆਂ ਦੀਆਂ ਰੀਤਾਂ ਦੀ ਪਰਵਾਹ ਨਹੀਂ ਕਰਦੇ ਸਨ ਅਤੇ ਧਾਰਮਿਕ, ਸਭਿਆਚਾਰਕ ਜਾਂ ਸਿਆਸੀ ਸਮਝੌਤੇ ਕਰਨ ਤੋਂ ਕਤਰਾਉਂਦੇ ਨਹੀਂ ਸਨ। ਉਹ ਪਵਿੱਤਰ ਲਿਖਤ ਨੂੰ ਮੁੱਖ ਤੌਰ ਤੇ ਤੁਰੇਤ ਨੂੰ ਮੰਨਣ ਦਾ ਦਾਅਵਾ ਕਰਦੇ ਸਨ ਪਰ ਉਨ੍ਹਾਂ ਦੀਆਂ ਵਿਆਖਿਆਵਾਂ ਦਾ ਰੂਹਾਨੀਕਰਣ ਐਨਾਂ ਜ਼ਿਆਦਾ ਸੀ ਕਿ ਉਨ੍ਹਾਂ ਦਾ ਕੋਈ ਵਿਹਾਰਕ ਅਰਥ ਨਹੀਂ ਰਹਿੰਦਾ ਸੀ। ਇਹ ਯਹੂਦੀ ਬੇਹਦ ਉਦਾਰਵਾਦੀ ਭਾਵ ਭੌਤਿਕਵਾਦੀ ਫ਼ਿਰਕਾ ਸਨ। ਉਹ ਫ਼ਰਿਸ਼ਤਿਆਂ, ਆਤਮਾ ਦੇ ਅਮਰ ਹੋਣ, ਜੀ ਉੱਠਣ ਜਾਂ ਕਿਸੇ ਹੋਰ ਗੱਲ ਤੇ ਯਕੀਨ ਨਹੀਂ ਰੱਖਦੇ ਸਨ ਜਿਸ ਵਿਚ ਅਲੌਕਿਕ ਹੋਣ ਦਾ ਸੰਕੇਤ ਹੋਵੇ (3:7 ਤੇ ਟਿੱਪਣੀਆਂ ਵੇਖੋ)।

ਫ਼ਰੀਸੀਆਂ ਅਤੇ ਸਦੂਕੀਆਂ ਦਾ ਇਕ ਹੋ ਜਾਣਾ ਅਨੋਖੀ ਗੱਲ ਲੱਗ ਸਕਦੀ ਹੈ, ਕਿਉਂਕਿ ਉਹ ਧਾਰਮਿਕ ਅਤੇ ਸਿਆਸੀ ਥਾਂ ਵਿਚ ਇਕ ਦੂਜੇ ਦੇ ਵਿਰੋਧੀ ਹੁੰਦੇ ਸਨ। ਇਨ੍ਹਾਂ ਦੋਹਾਂ ਫ਼ਿਰਕਿਆਂ ਵਿਚ ਵੱਡੇ ਫ਼ਰਕ ਹੋਣ ਦੇ ਬਾਵਜੂਦ ਯਿਸੂ ਨਾਲ ਆਪਣੀ ਦੁਸ਼ਮਣੀ ਵਿਚ ਉਹ ਇੱਕੋ ਸਨ (ਵੇਖੋ 22:15–46)। ਉਹ ਇਕ ਦੂਜੇ ਨੂੰ ਤੁੱਛ ਮੰਨਦੇ ਸਨ, ਪਰ ਯਿਸੂ ਨਾਲ ਇਸ ਨਾਲੋਂ ਵੀ ਵੱਧ ਨਫ਼ਰਤ ਕਰਦੇ ਸਨ। ਫ਼ਰੀਸੀ ਲੋਕ ਯਿਸੂ ਵੱਲੋਂ ਉਨ੍ਹਾਂ ਦੀਆਂ ਰੀਤਾਂ ਨੂੰ ਚੁਣੌਤੀ ਦੇਣ ਨੂੰ ਪਸੰਦ ਨਹੀਂ ਕਰਦੇ ਸਨ, ਜਦਕਿ ਸਦੂਕੀ ਕਿਸੇ ਵੀ ਤਰ੍ਹਾਂ ਦੀ ਮਸੀਹਾ ਦੀ ਲਹਿਰ ਦਾ ਵਿਰੋਧ ਕਰਦੇ ਸਨ ਜੋ ਰੋਮੀਆਂ ਦੇ ਉਨ੍ਹਾਂ ਤੋਂ ਬਦਲਾ ਲੈਣ ਦਾ ਕਾਰਣ ਬਣੇ।

ਗੈਰਕੌਮ ਲੋਕਾਂ ਤੋਂ ਉਲਟ ਜਿਹੜੇ ਯਿਸੂ ਦੇ ਮੋਅਜਜ਼ਿਆਂ ਕਰਕੇ ਖ਼ੁਦਾ ਦੀ ਵਡਿਆਈ ਕਰਦੇ ਸਨ (15:31), ਯਹੂਦੀ ਆਗੂ ਜ਼ਾਹਿਰ ਤੌਰ ਤੇ ਉਸ ਨੂੰ ਬਦਨਾਮ ਕਰਨ ਆਏ ਸਨ। **ਪਰਤਾਉਣ** ਦੇ ਮਗਰ ਦੇ ਯੂਨਾਨੀ ਭਾਸ਼ਾ ਦੇ ਸ਼ਬਦ (*peirazō*) ਦਾ ਅਨੁਵਾਦ ‘‘ਲਾਲਚ’’ (KJV) ਵੀ ਹੋ ਸਕਦਾ ਹੈ। ਇਹੀ ਕਿਰਿਆ ਸ਼ਬਦ ਉਜਾੜ ਵਿਚ ਸ਼ੈਤਾਨ ਵੱਲੋਂ ਯਿਸੂ ਨੂੰ ਪਰਤਾਏ ਜਾਣ ਵੇਲੇ ਵਰਤਿਆ ਗਿਆ ਸੀ (4:1 ਤੇ ਟਿੱਪਣੀਆਂ ਵੇਖੋ)। ਸ਼ੈਤਾਨ ਵਾਂਗ ਹੀ ਲੱਗ ਰਿਹਾ ਸੀ ਕਿ ਇਹ ਯਹੂਦੀ ਆਗੂ ਵੀ ਯਿਸੂ ਨੂੰ ਪਰੀਖਿਆ ਵਿਚ ਫੇਲ੍ਹ ਕਰਨਾ ਚਾਹੁੰਦੇ ਸਨ (ਵੇਖੋ 19:3; 22:18, 35)। ਡਗਲਸ ਆਰ. ਏ. ਹੇਅਰ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਲਗ ਰਿਹਾ ਹੋ ਸਕਦਾ ਹੈ ਕਿ ਉਹ ਬਾਈਬਲ ਦੇ ਮਾਪਦੰਡਾਂ ਮੁਤਾਬਿਕ ਯਿਸੂ ਦੀ ਪਰਿਖਿਆ ਲੈ ਰਹੇ ਹਨ (ਵਿਵਸਥਾਸਾਰ 13:1–3; 18:15–22), ਜਦਕਿ ਹਕੀਕਤ ਵਿਚ ਉਨ੍ਹਾਂ ਦੀ ਆਪਣੀ ਪਰਖ ਹੋ ਰਹੀ ਸੀ (ਵਿਵਸਥਾਸਾਰ 6:16; ਜ਼ਬੂਰ ਦੀ ਪੋਥੀ 95:8, 9; ਇਬਰਾਨੀਆਂ 3:7–11)। ਆਖ਼ਰ ਯਿਸੂ ਨੇ ਬਾਰ–ਬਾਰ ਕੀਤੇ ਜਾਣ ਵਾਲੇ ਮੋਅਜਜ਼ਿਆਂ ਦੇ ਰਾਹੀਂ ਆਪਣੀ ਪਛਾਣ ਪਹਿਲਾਂ ਤੋਂ ਹੀ ਸਾਬਿਤ ਕਰ ਦਿੱਤਾ ਸੀ।[1]

ਯਹੂਦੀ ਆਗੂਆਂ ਨੇ **‘‘ਉਸ ਅੱਗੇ ਅਰਦਾਸ ਕੀਤੀ ਸਾਨੂੰ ਅਕਾਸ਼ ਵੱਲੋਂ ਕੋਈ ਨਿਸ਼ਾਨ ਵਿਖਾ।’’** ਇਹ ਬੇਨਤੀ ਕਈ ਮੌਕਿਆਂ ਤੇ ਕੀਤੀ ਗਈ ਸੀ (12:38–42; ਲੂਕਾ 11:16; ਯੂਹੰਨਾ 2:18; 6:30)। ਉਹ ਮੋਅਜਜ਼ੇ ਜਿਹੜੇ ਯਿਸੂ ਨੇ ਕੀਤੇ ਸਨ, ਹਾਲ ਹੀ ਦੇ ਚੰਗਿਆਈ ਦੇ ਕੰਮ, ਸੁਰਗ ਤੋਂ ਪੱਕੇ ਸਬੂਤ ਸਨ; ਪਰ ਉਸ ਦੇ ਵੈਰੀ ਉਨ੍ਹਾਂ ਨਾਲੋਂ ਕਿਤੇ ਵੱਡੇ ਨਿਸ਼ਾਨਾਂ ਦੀ ਮੰਗ ਕਰ ਰਹੇ ਸਨ। ਉਹ ਜ਼ਮੀਨ ਹਿਲਾ ਦੇਣ ਨਾਲੋਂ ਕੁਝ ਵੱਧ ਚਾਹੁੰਦੇ ਸਨ, ਨਾ ਕਿ ਸਿਰਫ਼ ਉਹ ਚੰਗਿਆਈਆਂ ਜਿਨ੍ਹਾਂ ਦਾ ਦੂਜਿਆਂ ਨੇ ਵੀ ਕਰਨ ਦਾ ਦਾਅਵਾ ਕੀਤਾ ਸੀ।[2] ਇਨ੍ਹਾਂ ਨੇ ਯਿਸੂ ਦੀ ਸ਼ਕਤੀ ਤੋਂ ਇਨਕਾਰ ਨਹੀਂ ਕੀਤਾ ਸੀ, ਪਰ ਉਨ੍ਹਾਂ ਨੇ ਇਹ ਮੰਨਣ ਤੋਂ ਇਨਕਾਰ ਕਰ ਦਿੱਤਾ ਕਿ ਉਹ ਖ਼ੁਦਾ ਦੀ ਤਰਫ਼ੋਂ ਆਇਆ ਹੈ। ਉਨ੍ਹਾਂ ਨੇ ਉਸ ਉੱਤੇ ਸ਼ੈਤਾਨ ਦਾ ਬੰਦਾ ਹੋਣ ਦਾ ਇਲਜ਼ਾਮ ਲਾਇਆ (12:24)।

‘‘ਨਿਸ਼ਾਨ’’ ਮੋਅਜਜ਼ੇ ਨੂੰ ਕਿਹਾ ਗਿਆ ਹੈ ਜਿਸ ਨਾਲ ਕਿਸੇ ਨੂੰ ਇਹ ਪਤਾ ਲਗ ਸਕਦਾ ਸੀ ਕਿ ਕਿਸੇ ਕੋਲ ਅਲੌਕਿਕ ਸ਼ਕਤੀ ਹੈ ਕਿਉਂਕਿ ਇਸ ਨਾਲ ਉਸ ਦੇ ਇਖ਼ਤਿਆਰ ਦੀ ਤਸਦੀਕ ਹੁੰਦੀ ਸੀ (ਵੇਖੋ 11:2–6; ਯੂਹੰਨਾ 1:29–34; 20:30, 31)। ‘‘ਅਕਾਸ਼ ਵੱਲੋਂ’’ ਵਾਕਅੰਸ਼ ਅਸਿੱਧੇ ਤੌਰ ਤੇ ‘‘ਖ਼ੁਦਾ ਦਾ’’ ਕਹਿਣ ਦਾ ਤਰੀਕਾ ਹੋ ਸਕਦਾ ਹੈ। ਸ਼ਾਇਦ ਉਹ ਖ਼ੁਦਾ ਵੱਲੋਂ ਨਿਰਵਿਵਾਦ ਸਬੂਤ ਚਾਹੁੰਦੇ ਸਨ ਕਿ ਯਿਸੂ ਹੀ ਮਸੀਹਾ ਹੈ। ‘‘ਅਕਾਸ਼ ਵੱਲੋਂ’’ ਤੋਂ ਭਾਵ ‘‘ਅਸਮਾਨ ਵਿਚ’’ ਹੋ ਸਕਦਾ ਹੈ। ਸ਼ਾਇਦ ਉਹ ਮੂਸਾ ਦੇ ਸਮੇਂ ਸੁਰਗ ਤੋਂ ਭੇਜੇ ਗਏ ਮੰਨਾ ਵਰਗਾ ਕੁਝ (ਕੂਚ 16:1–36), ਯਹੋਸ਼ੁਆ ਵੇਲੇ ਸੂਰਜ ਦੇ ਥੰਮ੍ਹ ਜਾਣ (ਯਹੋਸ਼ੁਆ 10:12–14), ਜਾਂ ਏਲੀਯਾਹ ਦੇ ਜੀਉਂਦੇ ਜੀ ਅਕਾਸ਼ ਤੋਂ ਅੱਗ ਉਤਰਣ (1 ਰਾਜਿਆਂ 18:30–40) ਵਰਗਾ ਕੁਝ ਵਿਖਾਉਣ ਲਈ ਕਹਿ ਰਹੇ ਸਨ।

## ਜਵਾਬ (16:2-4)

**[2]ਪਰ ਉਸ ਨੇ ਉਨ੍ਹਾਂ ਨੂੰ ਉੱਤਰ ਦਿੱਤਾ ਭਈ ਸੰਝ ਦੇ ਵੇਲੇ ਤੁਸੀਂ ਕਹਿੰਦੇ ਹੋ ਜੇ ਭਲਕੇ ਨਿੰਬਲ ਹੋਊ ਕਿਉਂ ਜੋ ਅਕਾਸ਼ ਲਾਲ ਹੈ। [3]ਅਤੇ ਸਵੇਰ ਨੂੰ ਆਖਦੇ ਹੋ, ਅੱਜ ਅਨ੍ਹੇਰੀ ਵਗੇਗੀ ਕਿਉਂ ਜੋ ਅਕਾਸ਼ ਲਾਲ ਅਤੇ ਗਹਿਰਾ ਹੈ। ਅਕਾਸ਼ ਦੇ ਤੌਰ ਭੌਰ ਦੀ ਜਾਚ ਕਰਨੀ ਤੁਹਾਨੂੰ ਆਉਂਦੀ ਹੈ ਪਰ ਸਮਿਆਂ ਦੇ ਨਿਸ਼ਾਨ ਮਲੂਮ ਨਹੀਂ ਕਰ ਸਕਦੇ। [4]ਇਸ ਪੀੜ੍ਹੀ ਦੇ ਬੁਰੇ ਅਤੇ ਹਰਾਮਕਾਰ ਲੋਕ ਨਿਸ਼ਾਨ ਚਾਹੁੰਦੇ ਹਨ ਪਰ ਯੂਨਾਹ ਦੇ ਨਿਸ਼ਾਨ ਬਿਨਾ ਉਨ੍ਹਾਂ ਨੂੰ ਕੋਈ ਹੋਰ ਨਿਸ਼ਾਨ ਦਿੱਤਾ ਨਾ ਜਾਵੇਗਾ ਅਤੇ ਉਹ ਉਨ੍ਹਾਂ ਨੂੰ ਛੱਡ ਕੇ ਚੱਲਿਆ ਗਿਆ।**

**ਆਇਤਾਂ 2, 3.** ਯਿਸੂ ਨੇ ਫ਼ਰੀਸੀਆਂ ਤੇ ਸਦੂਕੀਆਂ ਨੂੰ ਉਨ੍ਹਾਂ ਦੀ ਰੂਹਾਨੀ ਸਮਝ ਦੀ ਕਮੀ ਨੂੰ ਵਿਖਾਉਂਦਿਆਂ ਜਵਾਬ ਦਿੱਤਾ:

> ਸੰਝ ਦੇ ਵੇਲੇ ਤੁਸੀਂ ਕਹਿੰਦੇ ਹੋ ਜੇ ਭਲਕੇ ਨਿੰਬਲ ਹੋਊ ਕਿਉਂ ਜੋ ਅਕਾਸ਼ ਲਾਲ ਹੈ। ਅਤੇ ਸਵੇਰ ਨੂੰ ਆਖਦੇ ਹੋ, ਅੱਜ ਅਨ੍ਹੇਰੀ ਵਗੇਗੀ ਕਿਉਂ ਜੋ ਅਕਾਸ਼ ਲਾਲ ਅਤੇ ਗਹਿਰਾ ਹੈ। ਅਕਾਸ਼ ਦੇ ਤੌਰ ਭੌਰ ਦੀ ਜਾਚ ਕਰਨੀ ਤੁਹਾਨੂੰ ਆਉਂਦੀ ਹੈ ਪਰ ਸਮਿਆਂ ਦੇ ਨਿਸ਼ਾਨ ਮਲੂਮ ਨਹੀਂ ਕਰ ਸਕਦੇ।

ਕੁਝ ਹੱਥਲਿਖਤਾਂ ਵਿਚ ਇਹ ਸ਼ਬਦ ਨਹੀਂ ਮਿਲਦੇ,[3] ਪਰ ਕਈ ਹੋਰ ਹੱਥਲਿਖਤਾਂ ਵਿਚ ਇਹ ਸ਼ਬਦ ਮਿਲਦੇ ਹਨ। ਇਸ ਕਰਕੇ ਕੁਝ ਵਿਦਵਾਨ ਇਹ ਮੰਨਦੇ ਹਨ ਕਿ ਉਹ ਬਾਅਦ ਵਿਚ ਪਾਏ ਗਏ ਅਤੇ ਦੂਜੇ ਇਹ ਮੰਨਦੇ ਹਨ ਕਿ ਉਨ੍ਹਾਂ ਨੂੰ ਮੌਸਮ ਦੇ ਵੈਸੇ ਹੀ ਹਾਲਾਤ ਨੂੰ ਦਰਸਾਉਣ ਵਾਲੇ ਮੌਸਮਾਂ (ਜਿਵੇਂ ਮਿਸਰ) ਵਿਚ ਕੰਮ ਕਰਨ ਵਾਲੇ ਗ੍ਰੰਥੀਆਂ ਨੇ ਮਿਟਾ ਦਿੱਤਾ।[4] ਸਬੂਤ ਦਾ ਵਜ਼ਨ ਵਚਨ ਦੇ ਪ੍ਰਮਾਣਿਕ ਹੋਣ ਦੇ ਪੱਖ ਵਿਚ ਹੈ।

ਯਿਸੂ ਆਪਣੇ ਜਵਾਬ ਵਿਚ ਯਹੂਦੀ ਆਗੂਆਂ ਦੀ ਭਾਸ਼ਾ ਤੇ ਸ਼ਬਦਾਂ ਨੂੰ ਉਲਟਾ ਪੁਲਟਾ ਕੇ ਵਰਤ ਰਿਹਾ ਹੋ ਸਕਦਾ ਹੈ। ਆਇਤ 1 ਵਿਚ ਅਨੁਵਾਦ ਹੋਇਆ ਸ਼ਬਦ ‘‘ਅਕਾਸ਼’’ (*ouranos*) ਜਿਸ ਦਾ ਅਨੁਵਾਦ ਆਇਤ 2 ਵਿਚ ‘‘ਅਕਾਸ਼’’ ਹੋਇਆ ਹੈ। ਇਸ ਦਾ ਇਕ ਜਵਾਬ ‘‘ਮਲਾਹ’’ ਦੀ ਇਕ ਪੁਰਾਣੀ ਕਹਾਵਤ ‘‘ਸਵੇਰ ਨੂੰ ਅਕਾਸ਼ ਦੇ ਲਾਲ ਹੋਣ ਨੂੰ ਮਲਾਹ ਚਿਤਾਵਨੀ ਮੰਨਦਾ ਹੈ; ਰਾਤ ਨੂੰ ਅਕਾਸ਼ ਦਾ ਲਾਲ ਹੋਣਾ ਮਲਾਹ ਲਈ ਖੁਸ਼ੀ ਦੀ ਗੱਲ ਹੈ’’ ਨਾਲ ਮੇਲ ਖਾਂਦਾ ਹੈ।[5] ਰਾਤ ਨੂੰ ਅਕਾਸ਼ ਦੇ ਲਾਲ ਹੋਣ ਤੇ ਆਮ ਤੌਰ ਤੇ ਅਗਲੇ ਦਿਨ ਮੌਸਮ ਚੰਗਾ ਹੁੰਦਾ ਹੈ। ਸਵੇਰੇ ਅਕਾਸ਼ ਦੇ ਲਾਲ ਹੋਣ ਦਾ ਸੰਕੇਤ ਇਹ ਹੁੰਦਾ ਹੈ ਕਿ ਤੂਫ਼ਾਨ ਆਉਣ ਵਾਲਾ ਹੈ। ਯਿਸੂ ਇਹ ਕਹਿ ਰਿਹਾ ਸੀ ਕਿ ਆਗੂ ਸਮੇਂ ਦੇ ਨਿਸ਼ਾਨ ਤੋਂ ਅੰਦਾਜਾ ਲਾ ਲੈਂਦੇ ਹਨ,[6] ਪਰ ਆਪਣੇ ਸਾਹਮਣੇ ਹੋਣ ਵਾਲੇ ਰੂਹਾਨੀ

ਨਿਸ਼ਾਨਾਂ ਨੂੰ ਭੁੱਲ ਗਏ ਹਨ।

''ਸਮਿਆਂ ਦੇ ਨਿਸ਼ਾਨ'' ਵਾਕਅੰਸ਼ ਵਿਚ ਉਨ੍ਹਾਂ ਵਿਚ ਯਿਸੂ ਦਾ ਹੋਣਾ ਅਤੇ ਉਸ ਦੀਆਂ ਗਤੀਵਿਧੀਆਂ ਦੀ ਗੱਲ। ਯਿਸੂ ਦੀ ਇਹ ਅਨੋਖੀ ਮੌਜੂਦਗੀ ਇਸ ਗੱਲ ਦਾ ਸੰਕੇਤ ਸੀ ਕਿ ਉਹ ਦਿਨ ਸਨ ਜਦ ਲੋਕਾਂ ਨੂੰ ਤੋਬਾ ਕਰਨ ਦਾ ਫ਼ੈਸਲਾ ਕਰਨ ਜਾਂ ਉਸ ਨੂੰ ਨਕਾਰਨ ਲਈ ਮਨਜ਼ੂਰ ਕੀਤਾ ਜਾਣਾ ਅਤੇ ਉਸ ਦੇ ਆਉਣ ਦੇ ਨਿਆਂ ਦਾ ਸਾਹਮਣਾ ਕਰਨਾ ਪੈਣਾ ਸੀ।[7]

**ਆਇਤ 4.** ਕੋਈ ਸ਼ੱਕ ਨਹੀਂ ਕਿ ਉਨ੍ਹਾਂ ਦੇ ਵਿਸ਼ਵਾਸ ਤੋਂ ਦੁਖੀ ਯਿਸੂ ਨੇ (ਮਰਕੁਸ 8:12) ਯਹੂਦੀ ਆਗੂਆਂ ਨੂੰ ਆਖਿਆ ਕਿ **ਇਸ ਪੀੜ੍ਹੀ ਦੇ ਬੁਰੇ ਅਤੇ ਹਰਾਮਕਾਰ ਲੋਕ ਨਿਸ਼ਾਨ ਚਾਹੁੰਦੇ ਹਨ।** ਉਸ ਨੇ ਉਨ੍ਹਾਂ ਦੇ ਵੇਰਵੇ ਲਈ ਪੁਰਾਣੇ ਨੇਮ ਦੇ ਇਕ ਰੂਪਕ ਦੀ ਵਰਤੋਂ ਕੀਤੀ ਕਿਉਂਕਿ ਇਹ ਲੋਕ ਰੂਹਾਨੀ ਤੌਰ ਤੇ ਖ਼ੁਦਾ ਨਾਲ ਬੇਵਫ਼ਾ ਰਹੇ ਸਨ (ਵੇਖੋ ਵਿਵਸਥਾਸਾਰ 32:5; ਯਸਾਯਾਹ 50:1; ਯਿਰਮਿਯਾਹ 3:8; 13:27; 31:32; ਹਿਜ਼ਕੀਏਲ 16:32–43; ਹੋਸ਼ੇਆ 2:1–20)।

ਪ੍ਰਭੂ ਨੇ ਆਖਿਆ, **''ਯੂਨਾਹ ਦੇ ਨਿਸ਼ਾਨ ਬਿਨਾ ਉਨ੍ਹਾਂ ਨੂੰ ਕੋਈ ਹੋਰ ਨਿਸ਼ਾਨ ਦਿੱਤਾ ਨਾ ਜਾਵੇਗਾ।''** ਹੋਰ ਗ੍ਰੰਥੀਆਂ ਅਤੇ ਫ਼ਰੀਸੀਆਂ ਦਾ ਸਾਹਮਣਾ ਕਰਦਿਆਂ ਉਸ ਨੇ ਇਹੀ ਉਦਾਹਰਣ ਵਰਤੀ। ਪਹਿਲਾਂ ਇਕ ਮੌਕੇ ਤੇ ਉਸ ਨੇ ਆਖਿਆ ਕਿ ''ਜਿਸ ਤਰ੍ਹਾਂ ਯੂਨਾਹ ਤਿੰਨ ਦਿਨ ਅਤੇ ਤਿੰਨ ਰਾਤ ਮੱਛੀ ਦੇ ਢਿੱਡ ਵਿਚ ਰਿਹਾ ਉਸੇ ਤਰ੍ਹਾਂ ਮਨੁੱਖ ਦਾ ਪੁੱਤਰ ਤਿੰਨ ਦਿਨ ਅਤੇ ਤਿੰਨ ਰਾਤ ਧਰਤੀ ਦੇ ਅੰਦਰ ਰਹੇਗਾ'' (12:40)। ''ਯੂਨਾਹ ਦਾ ਨਿਸ਼ਾਨ'' ਮਸੀਹ ਦੇ ਜੀ ਉੱਠਣ ਦਾ ਪਰਛਾਵਾਂ ਸੀ (ਵੇਖੋ 12:39, 40)। ਇਹ ਵੱਡਾ ਮੋਅਜਜ਼ਾ ਜਿਸ ਨੇ ਯਿਸੂ ਨੂੰ ਖ਼ੁਦਾ ਦਾ ਬੇਟਾ ਹੋਣਾ ਸਾਬਿਤ ਕੀਤਾ (ਰੋਮੀਆਂ 1:4) ਵੀ ਯਹੂਦੀ ਆਗੂਆਂ ਵੱਲੋਂ ਨਕਾਰ ਦਿੱਤਾ ਗਿਆ ਸੀ। ਇਨ੍ਹਾਂ ਬੇਈਮਾਨਾਂ ਨੇ ਉਸ ਦੀ ਨਿਗਰਾਨੀ ਰੱਖਣ ਵਾਲੇ ਪਹਿਰੇਦਾਰਾਂ ਨੂੰ ਰਿਸ਼ਵਤ ਦੇ ਕੇ ਗੱਲ ਰਫ਼ਾ ਦਫ਼ਾ ਕਰਨ ਦੀ ਕੋਸ਼ਿਸ਼ ਕੀਤੀ ਸੀ (ਮੱਤੀ 28:11–15)।

ਜਵਾਬ ਦੇਣ ਦੇ ਬਾਅਦ ਯਿਸੂ **ਉਨ੍ਹਾਂ ਨੂੰ ਛੱਡ ਕੇ ਚਲਿਆ ਗਿਆ।**

~~~ **ਸਬਕ** ~~~

## ਰੂਹਾਨੀ ਅੰਨ੍ਹਾਪਣ (16:1-4)

ਇਸ ਸੰਖੇਪ ਹਵਾਲੇ ਵਿਚ ਅਸੀਂ ਰੂਹਾਨੀ ਅੰਨ੍ਹੇਪਣ ਵਿਚ ਸ਼ਿਕਾਰ ਲੋਕਾਂ ਦੀਆਂ ਚਾਰ ਖ਼ੂਬੀਆਂ ਨੂੰ ਵੇਖਦੇ ਹਾਂ: (1) ਰੂਹਾਨੀ ਤੌਰ ਤੇ ਅੰਨ੍ਹੇ ਲੋਕ ਹਨੇਰੇ ਦੀ ਤਲਾਸ਼ ਕਰਦੇ ਹਨ , (2) ਉਹ ਚਾਨਣ ਨੂੰ ਸਰਾਪ ਦਿੰਦੇ ਹਨ, (3) ਉਹ ਹੋਰ ਹਨੇਰੇ ਵਿਚ ਵਾਪਸ ਚਲੇ ਜਾਂਦੇ ਹਨ, ਅਤੇ (4) ਉਨ੍ਹਾਂ ਨੂੰ ਖ਼ੁਦਾ ਵੱਲੋਂ ਛੱਡ ਦਿੱਤਾ ਗਿਆ।

## ਵਿਗਿਆਨਕ ਪਰ ਰੂਹਾਨੀ ਨਹੀਂ (16:2, 3)


ਯਿਸੂ ਨੇ ਫ਼ਰੀਸੀਆਂ ਅਤੇ ਸਦੂਕੀਆਂ ਨੂੰ ਮੌਸਮ ਦੀ ਭਵਿੱਖਵਾਣੀ ਕਰ ਸਕਣ ਦੇ ਯੋਗ ਹੋਣ ਦੇ ਬਾਵਜੂਦ, ''ਸਮਿਆਂ ਦੇ ਨਿਸ਼ਾਨਾਂ'' ਨੂੰ ਸਮਝਣ ਕਰਕੇ ਝਾੜ ਪਾਈ। ਉਨ੍ਹਾਂ ਨੇ ਮਸੀਹ ਦੇ ਰੂਪ ਵਿਚ ਉਸ ਦੀ ਪਛਾਣ ਨੂੰ ਬਦਨਾਮ ਕਰਨ ਦੇ ਨਾਲ ਨਾਲ ਉਸ ਦੀ ਸਿੱਖਿਆ ਅਤੇ ਮੋਅਜਜ਼ਿਆਂ ਨੂੰ ਵੀ ਅਪਮਾਨਤ ਕੀਤਾ। ਜੇ ਉਸ ਨੇ ਉਨ੍ਹਾਂ ਨੂੰ ਝਾੜਿਆ ਤਾਂ ਸਾਡੀ ਪੀੜ੍ਹੀ ਦੇ ਲੋਕਾਂ ਬਾਰੇ ਉਹ ਕੀ ਕਹੇਗਾ? ਅਸੀਂ ਮੌਸਮ ਦੇ ਤਰੀਕਿਆਂ ਦੇ ਅਧਿਐਨ ਜਾਂਚ ਦੇ ਕਈ ਵਿਗਿਆਨਕ ਖੇਤਰਾਂ ਨਾਲ ਬਹੁਤ ਅੱਗੇ ਵੱਧ ਗਏ ਹਾਂ ਪਰ ਭੌਤਿਕ ਸੰਸਾਰ ਦਾ ਅਜਿਹਾ ਗਿਆਨ ਰੂਹਾਨੀ ਜਾਗਰੂਕਤਾ ਜਿੰਨਾ ਨਹੀਂ ਹੈ। ਬਹੁਤ ਸਾਰੇ ਲੋਕ ਆਪਣੀ ਅਨੈਤਿਕਤਾ ਤੋਂ ਅਨਜਾਣ ਹਨ ਅਤੇ ਉਹ ਮਸੀਹ ਦੀ ਵਾਪਸੀ ਅਤੇ ਆਉਣ ਵਾਲੀ
~~~

ਕਿਆਮਤ ਦੀ ਗੱਲ ਨੂੰ ਗੰਭੀਰਤਾ ਨਾਲ ਨਹੀਂ ਲੈਂਦੇ। ਡੇਵਿਡ ਸਟਿਵਰਟ

---

ਟਿੱਪਣੀਆਂ

[1]ਡਗਲਸ ਆਰ. ਏ. ਹੇਅਰ, *ਮੈਥਿਊ,* ਇੰਟਰਪ੍ਰਿਟੇਸ਼ਨ (ਲੁਈਸਵਿੱਲੇ: ਜੌਨ ਨੌਕਸ ਪ੍ਰੈੱਸ, 1993), 183. [2]ਲਿਓਨ ਮੌਰਿਸ, *ਦ ਗੌਸਪਲ ਅਕਾਰਡਿੰਗ ਟੂ ਮੈਥਿਊ,* ਪਿੱਲਰ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1992), 413. [3]ਮਰਕੁਸ ਦੇ ਸਮਾਨਾਂਤਰ ਵਿਰਤਾਂਤ ਵਿਚ ਇਹ ਸ਼ਬਦ ਨਹੀਂ ਹਨ (ਮਰਕੁਸ 8:11, 12)। [4]ਬਰੂਸ ਐਮ. ਮੈਜ਼ਗਰ, *ਏ ਟੈਕਸਚੁਅਲ ਕਮੈਂਟਰੀ ਆਨ ਦ ਗ੍ਰੀਕ ਨਿਊ ਟੈਸਟਾਮੈਂਟ,* ਜਿਲਦ ਦੂਜੀ (ਸਟੱਟਗਰਟ: ਜਰਮਨ ਬਾਈਬਲ ਸੋਸਾਇਟੀ, 1994), 33. [5]ਇਸ ਨਿਯਮ ਦਾ ਸਭ ਤੋਂ ਪੁਰਾਣਾ ਰਿਕਾਰਡ ਥਿਓਫ਼ਰੇਸਟਸ *ਕੰਸਰਨਿੰਗ ਵੈਦਰ ਸਾਈਨਜ਼* 1.10. ਥਿਓਫ਼ਰੇਸਟਸ (ਲਗਭਗ 371– ਲਗਭਗ 287 ਈ. ਪੂ.) ਅਰਸਤੂ ਦਾ ਉੱਤਰਾਧਿਕਾਰੀ ਸੀ। [6]ਪੁਰਾਣੇ ਜ਼ਮਾਨੇ ਦੇ ਲੋਕ ਆਮ ਤੌਰ ਤੇ ਬੱਦਲਾਂ ਨੂੰ ਵੇਖ ਕੇ ਮੌਸਮ ਦੀ ਭਵਿੱਖਬਾਣੀ ਕਰ ਦਿੰਦੇ ਸਨ (ਪਲਾਇਨੀ *ਨੈਚੁਰਲ ਹਿਸਟਰੀ* 18.78; ਵਰਜਿਲ *ਜੌਰਜਿਕਸ* 1.438–60; ਟਾਲਮੁਡ *ਯੋਮਾ* 21ਬੀ।) [7]ਡੇਵਿਡ ਹਿਲ, *ਦ ਗੌਸਪਲ ਆਫ਼ ਮੈਥਿਊ,* ਦ ਨਿਊ ਸੈਂਚੁਰੀ ਬਾਈਬਲ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1972), 257.




ਯਿਸੂ ਦੇ ਸਮੇਂ ਵਿਚ ਗਲੀਲ ਦੀ ਝੀਲ ਦੇ ਨੇੜਲੇ ਸ਼ਹਿਰਾਂ ਨੂੰ ਵਿਖਾਉਂਦਾ ਫ਼ਲਿਸਤੀਨ ਦਾ ਨਕਸ਼ਾ